# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ, ਪੰਜਾਬ

ਈ-ਬਲਾਕ, ਚੋਥੀਂ ਮੰਜ਼ਿਲ, ਪੰ.ਸ.ਸਿੱ.ਬੋ. ਫੇਸ-8, ਮੋਹਾਲੀ

**ਵਿਸ਼ਾ:- ਸਾਲ 2013-14 ਦੌਰਾਨ ਸਿੱਖਿਆ ਵਿਭਾਗ ਵਿੱਚ ਬਦਲੀਆਂ ਸਬੰਧੀ ਨੀਤੀ।**

1 ਸਾਲ 2013-14 ਦੌਰਾਨ ਸਿੱਖਿਆ ਵਿਭਾਗ ਵੱਲੋਂ ਕੀਤੀਆਂ ਜਾ ਰਹੀਆ ਬਦਲੀਆਂ ਸਬੰਧੀ ਅਗਵਾਈ ਲੀਹਾਂ:-

1. ਬਦਲੀਆਂ ਲਈ ਬਿਨੈ ਪੱਤਰ ਮਿਤੀ 05.07.2013 ਤੋਂ ਮਿਤੀ 20.07.2013 ਤੱਕ ਮੰਗ ਲਈਆ ਜਾਣ। ਇਨ੍ਹਾਂ ਮਿਤੀਆਂ ਤੋਂ ਬਾਅਦ ਪ੍ਰਾਪਤ ਹੋਏ ਬਿਨੈ ਪੱਤਰ ਤੇ ਵਿਚਾਰ ਨਹੀਂ ਕੀਤਾ ਜਾਵੇਗਾ।

2. ਬਦਲੀ ਲਈ ਪ੍ਰੋਫਾਰਮੇ ਨੂੰ ਤਸਦੀਕ ਕਰਨ ਤੋਂ ਪਹਿਲਾਂ ਸਕੂਲ ਮੁਖੀ ਬਦਲੀ ਦੀ ਪਾਲਿਸੀ ਦੀਆਂ ਸਾਰੀਆਂ ਸ਼ਰਤਾਂ ਨੂੰ ਧਿਆਨ ਵਿੱਚ ਰੱਖਣਗੇ ਅਤੇ ਪਾਲਿਸੀ ਅਨੁਸਾਰ ਬਦਲੀ ਲਈ ਅਪਲਾਈ ਕਰਨ ਵਾਲੇ ਸਮੂਹ ਇੱਛੁਕ ਕਰਮਚਾਰੀਆਂ ਦੇ ਬਿਨੈ-ਪੱਤਰ ਮੁਕੰਮਲ ਰੂਪ ਵਿੱਚ ਜਿਲ੍ਹਾ ਸਿੱਖਿਆ ਅਫਸਰ ਦੇ ਦਫਤਰ ਵਿਖੇ ਜਮਾਂ ਕਰਾਉਣ ਦੇ ਪਾਬੰਦ ਹੋਣਗੇ।

3. ਜਿਲ੍ਹਾ ਸਿੱਖਿਆ ਅਫਸਰ ਇਨ੍ਹਾਂ ਬਦਲੀਆਂ ਲਈ ਪ੍ਰਾਪਤ ਬਿਨੈ ਪੱਤਰਾਂ ਨੂੰ ਪ੍ਰੋਸੈਸ ਕਰਕੇ ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ/ਸੈ.ਸਿੱ) ਪੰਜਾਬ ਨੂੰ ਭੇਜਣਗੇ।

4. ਜਿਨ੍ਹਾਂ ਕਰਮਚਾਰੀਆਂ ਨੇ ਬਦਲੀ ਪਿਛਲੇ 3 ਸਾਲਾਂ ਦੌਰਾਨ ਕਰਵਾਈ ਹੈ ਜਾਂ ਉਹ ਕਰਮਚਾਰੀ ਜਿਨ੍ਹਾਂ ਦੀ ਨਵੀਂ ਨਿਯੁਕਤੀ ਨੂੰ 3 ਸਾਲ ਤੋਂ ਘੱਟ ਸਮਾਂ ਹੋਇਆ ਹੈ, ਦਾ ਬਦਲੀ ਲਈ ਬਿਨੈ ਪੱਤਰ ਨਹੀਂ ਵਿਚਾਰਿਆਂ ਜਾਵੇਗਾ।

5. ਮੌਜੂਦਾ ਸਕੂਲ ਵਿਖੇ ਕਰਮਚਾਰੀ ਦੀ ਮਿਤੀ 31/07/2013 ਤੱਕ ਘੱਟ ਤੋ ਘੱਟ 3 ਸਾਲ ਦੀ ਠਹਿਰ ਹੋਣੀ ਲਾਜਮੀਂ ਹੈ। ਪਰ ਜੇਕਰ ਸਜਾ ਦਾ ਮਾਮਲਾ ਹੋਵੇ ਜਾਂ ਪ੍ਰਬੰਧਕੀ ਕਾਰਣ ਹੋਵੇ ਤਾਂ ਅਜਿਹੇ ਕੇਸਾਂ ਵਿੱਚ 3 ਸਾਲ ਦੀ ਠਹਿਰ ਤੋਂ ਪਹਿਲਾਂ ਵੀ ਬਦਲੀ ਕੀਤੀ ਜਾ ਸਕਦੀ ਹੈ।

6. ਬਦਲੀਆਂ ਦੇ ਚਾਹਵਾਨ ਅਧਿਆਪਕ ਬੇਨਤੀ ਪੱਤਰ ਵਿੱਚ ਆਪਣੀ ਬਦਲੀ ਲਈ ਘੱਟੋ ਘੱਟ ਪੰਜ ਸਟੇਸ਼ਨਾਂ ਲਈ ਆਪਸ਼ਨ ਭਰਨਗੇ। ਇਨ੍ਹਾਂ ਮੰਗੇ ਗਏ ਸਟੇਸ਼ਨਾਂ ਸਬੰਧੀ ਬੇਨਤੀਆਂ ਤੇ ਵਿਚਾਰ ਕੀਤਾ ਜਾਵੇਗਾ। ਪਰ ਇਸ ਦਾ ਮਤਲਬ ਇਹ ਨਹੀਂ ਕਿ ਬਿਨੈਕਾਰ ਦੀ ਬੇਨਤੀ ਨੂੰ ਹਰ ਹਾਲਤ ਵਿੱਚ ਮੰਜੂਰ ਕੀਤਾ ਜਾਵੇ। ਕਰਮਚਾਰੀ ਨੂੰ ਕੋਈ ਹੋਰ ਸਟੇਸ਼ਨ ਵੀ ਦਿੱਤਾ ਜਾ ਸਕਦਾ ਹੈ।

7. ਜੇਕਰ ਕਿਸੇ ਸਕੂਲ ਵਿੱਚ ਦਾਖਲ ਵਿੱਦਿਆਰਥੀਆਂ ਦੀ ਗਿਣਤੀ ਨੂੰ ਮੁੱਖ ਰੱਖਦੇ ਹੋਏ ਖਾਲੀ ਪਈ ਅਸਾਮੀ ਵਾਧੂ ਬਣਦੀ ਹੋਵੇ ਤਾਂ ਉਸ ਅਸਾਮੀ ਤੇ ਕਿਸੇ ਅਧਿਆਪਕ ਨੂੰ ਨਹੀ ਬਦਲਿਆ ਜਾਵੇਗਾ। ਜੇਕਰ ਫਿਰ ਵੀ ਬਦਲੀ ਹੋ ਜਾਂਦੀ ਹੈ ਤਾਂ ਅਜਿਹਾ ਅਧਿਆਪਕ ਹਾਜਰ ਨਾ ਕਰਵਾਇਆ ਜਾਵੇ। ਅਜਿਹੀ ਬਦਲੀ ਲਾਗੂ ਹੋ ਜਾਣ ਦੀ ਸੂਰਤ ਵਿੱਚ ਸੰਸਥਾ ਮੁੱਖੀ ਅਤੇ ਸਬੰਧਤ ਜਿਲ੍ਹਾਂ ਸਿੱਖਿਆ ਅਫਸਰ ਦੀ ਜਿੰਮੇਵਾਰੀ ਫਿਕਸ ਕੀਤੀ ਜਾਵੇਗੀ।

8. ਬਦਲੀ ਕੇਵਲ ਮੰਨਜੂਰਸ਼ੁਦਾਂ ਅਸਾਮੀ ਹੋਣ ਦੀ ਸੂਰਤ ਵਿੱਚ ਹੀ ਕੀਤੀ ਜਾਵੇਗੀ। ਡੈਪੂਟੇਸ਼ਨ ਦੁਆਰਾ ਕੋਈ ਵੀ ਬਦਲੀ ਨਹੀ ਕੀਤੀ ਜਾਵੇਗੀ।

9. ਅੰਗਹੀਣ/ਕੁਆਰੀਆਂ/ ਨਵ-ਵਿਵਾਹਿਤ ਲੜਕੀਆਂ, ਵਿਧਵਾਵਾਂ, ਜਿਹਨਾਂ ਕਰਮਚਾਰੀਆਂ ਦਾ ਕੋਈ ਬੱਚਾ ਦਿਮਾਗੀ ਤੌਰ ਤੇ ਠੀਕ ਨਾ ਹੋਵੇ ਅਤੇ ਕਰੌਨਿਕ ਬਿਮਾਰੀ ਤੋਂ ਪੀੜਿਤ ਕਰਮਚਾਰੀਆਂ ਨਾਲ ਹਮਦਰਦੀ ਦਾ ਰਵੱਈਆ ਰਖਦੇ ਹੋਏ, ਉਹਨਾਂ ਨੂੰ 3 ਸਾਲ ਦੀ ਠਹਿਰ ਵਾਲੀ ਸ਼ਰਤ ਤੋਂ ਛੋਟ ਦਿੱਤੀ ਜਾਵੇ। ਇਸ ਸਬੰਧੀ ਨਵ-ਵਿਵਾਹਿਤ ਲੜਕੀਆਂ ਵਿਆਹ ਸਬੰਧੀ ਸਵੈ ਘੋਸ਼ਣਾ ਪੱਤਰ ਦੀ ਅਸਲ ਕਾਪੀ ਨਾਲ ਨੱਥੀ ਕਰਨਗੇ। ਅੰਗਹੀਣ ਕਰਮਚਾਰੀਆਂ, ਜਿਹਨਾਂ ਕਰਮਚਾਰੀਆਂ ਦਾ ਕੋਈ ਬੱਚਾ ਦਿਮਾਗੀ ਤੌਰ ਤੇ ਠੀਕ ਨਾ ਹੋਵੇ ਅਤੇ ਕੰਪਲੀਕੇਟਡ ਕਰੌਨਿਕ ਬਿਮਾਰੀ ਤੋਂ ਪੀੜਿਤ ਕਰਮਚਾਰੀ ਸੀ.ਐਮ.ਓ ਦੁਆਰਾ ਜਾਰੀ ਸਰਟੀਫਿਕੇਟ ਦੀ ਖੁਦ ਤਸਦੀਕ ਫੋਟੋ ਕਾਪੀ ਨਾਲ ਨੱਥੀ ਕਰਨਗੇ।

10. ਉਹ ਅਧਿਆਪਕ ਜੋ ਡਿਊਟੀ ਤੋਂ ਗੈਰਹਾਜਰ ਹਨ, ਬਦਲੀ ਲਈ/ਆਪਸੀ ਬਦਲੀ ਲਈ ਬਿਨੈ ਪੱਤਰ ਨਹੀਂ ਦੇ ਸਕਣਗੇ।

11. ਦਫਤਰਾਂ ਵਿੱਚ ਸੰਵੇਦਨਸ਼ੀਲ ਕਿਸਮ ਦਾ ਕੰਮ ਜਿਵੇਂ ਵਿਆਪਕ ਪਬਲਿਕ ਡੀਲਿੰਗ, ਅਮਲਾ, ਵਿੱਤੀ ਮਨਜੂਰੀਆਂ ਆਦਿ ਨਾਲ ਸਬੰਧਤ ਸੀਟਾਂ ਤੇ ਕਰਮਚਾਰੀ ਦੀ ਵੱਧ ਤੋਂ ਵੱਧ ਠਹਿਰ ਦਾ ਸਮਾਂ 2 ਸਾਲ ਰੱਖਿਆ ਜਾਵੇ।

12. ਜਿਸ ਅਧਿਆਪਕ ਦਾ ਵਿਅਕਤੀਗਤ ਨਤੀਜਾ 20% ਜਾਂ ਇਸ ਤੋਂ ਘੱਟ ਹੋਵੇਗਾ ਉਹ ਬਦਲੀ ਲਈ ਬਿਨੈ ਪੱਤਰ ਨਹੀਂ ਦੇ ਸਕਦਾ।

13. ਰਮਸਾ ਵਾਲੇ ਅਧਿਆਪਕ ਕੇਵਲ ਰਮਸਾ ਵਾਲੇ ਸਕੂਲ ਵਾਸਤੇ ਹੀ ਬਦਲੀ ਲਈ ਬਿਨੈ ਪੱਤਰ ਦੇ ਸਕਦੇ ਹਨ।

14. ਜਿਨ੍ਹਾਂ ਕਰਮਚਾਰੀਆਂ ਨੂੰ ਪਦ ਉਨੱਤੀ ਉਪਰੰਤ ਆਪਣਾ ਵਰਤਮਾਨ (ਸਿਟਿੰਗ) ਸਟੇਸ਼ਨ ਹੀ ਮਿਲਿਆ ਹੈ ਉਹਨਾਂ ਦੀ ਠਹਿਰ ਦਾ ਸਮਾਂ ਉਸ ਸਕੂਲ ਵਿੱਚ ਕੀਤੀ ਪੂਰੀ ਸਰਵਿਸ ਦੇ ਬਰਾਬਰ ਮੰਨਿਆ ਜਾਵੇਗਾ।

15. ਨਿਮਨਲਿਖਤ ਨੂੰ ਤਿੰਨ ਸਾਲ ਦੀ ਸ਼ਰਤ ਤੋਂ ਛੋਟ ਦਿੰਦੇ ਹੋਏ ਬਦਲੀਆਂ ਕਰਨ ਸਮੇਂ ਪਹਿਲ ਦੇ ਅਧਾਰ ਤੇ ਵਿਚਾਰਿਆ ਜਾਵੇਗਾ:-

(1) ਅੰਗਹੀਣ ਅਧਿਆਪਕ (100% ਬਲਾਇੰਡ ਅਤੇ 70% ਜਾਂ ਵੱਧ ਲੱਤਾਂ ਤੋਂ ਅੰਗਹੀਣ) ਨੂੰ ਤਰਜੀਹ ਦਿੱਤੀ ਜਾਵੇਗੀ।
(2) ਕੰਪਲੀਕੈਟਡ ਕਰੋਨਿਕ ਬਿਮਾਰੀਆਂ ਤੋਂ ਪੀੜ੍ਹਤ ।
(3) ਵਿਧਵਾਵਾਂ/ਡਿਜਰਟਿਡ ਲੇਡੀਜ਼/ਤਲਾਕਸ਼ੁਦਾਂ ਔਰਤਾਂ।
(4) ਨੌਕਰੀ ਕਰ ਰਹੇ ਫੋਜੀ ਦੀ ਪਤਨੀ।
(5) ਕੁਆਰੀਆਂ ਲੜਕੀਆਂ।
(6) ਨਵ-ਵਿਵਾਹਿਤ ਲੜਕੀਆਂ ਨੂੰ ਸਿਰਫ ਇੱਕ ਵਾਰ ਬਦਲੀ ਲਈ ਪਹਿਲ ਦਿੱਤੀ ਜਾਵੇਗੀ।
(7) ਮੁਲਾਜਮ, ਜਿਨ੍ਹਾਂ ਦੇ ਬੱਚੇ ਦਿਮਾਗੀ ਤੌਰ ਤੇ/ਜਾਂ ਕਿਸੇ ਹੋਰ ਗੰਭੀਰ ਬਿਮਾਰੀ ਤੋਂ ਪੀੜਤ ਹੋਣ ਦਾ ਸਰਟੀਫਿਕੇਟ ਨੱਥੀ ਹੋਣ ਦੀ ਸੂਰਤ ਵਿੱਚ।

16. ਬਦਲੀਆਂ ਹਦਾਇਤਾਂ ਅਨੁਸਾਰ ਲਾਗੂ ਕੀਤੀਆਂ ਜਾਣਗੀਆਂ, ਪਰ ਵਿਭਾਗ/ ਸਰਕਾਰ ਲੋਕ ਹਿੱਤ ਵਿੱਚ ਘੱਟ ਨਤੀਜਿਆਂ ਕਾਰਨ ਜਾਂ ਹੋਰ ਕਾਰਨਾਂ ਕਰਕੇ/ਪ੍ਰਬੰਧਕੀ ਅਧਾਰ/ਸ਼ਿਕਾਇਤ/ਨਾਨ-ਪ੍ਰਫਾਰਮੈਂਸ ਕਾਰਨ ਕਿਸੇ ਵੀ ਕਰਮਚਾਰੀ ਦੀ ਬਦਲੀ ਕਿਸੇ ਵੀ ਥਾਂ ਤੇ ਕਿਸੇ ਵੀ ਸਮੇਂ ਕਰ ਸਕੇਗੀ।

17. ਸਾਇੰਸ ਅਤੇ ਕਾਮਰਸ ਲੈਕਚਰਾਰਾਂ ਦੀਆ ਬਦਲੀਆਂ ਡੈਡ ਗਰੁੱਪਾਂ (ਜਿੱਥੇ +1 ਜਾਂ +2 ਕਲਾਸਾਂ ਵਿੱਚ ਅਲੱਗ-ਅਲੱਗ ਸਬੰਧਤ ਵਿਸ਼ੇ ਦੇ ਵਿੱਦਿਆਰਥੀਆਂ ਦੀ ਗਿਣਤੀ 15 ਤੋਂ ਘੱਟ ਹੈ) ਦੀਆ ਖਾਲੀ ਅਸਾਮੀਆਂ ਵਿਰੱਧ ਨਹੀ ਕੀਤੀਆ ਜਾਣਗੀਆਂ।

18. ਪ੍ਰਾਇਮਰੀ ਸਕੂਲਾਂ ਦੀਆ ਜਿਲ੍ਹਾ ਪੱਧਰ ਦੀਆ ਬਦਲੀਆਂ ਸਬੰਧਤ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ) ਦੁਆਰਾ ਅਤੇ ਅੰਤਰ ਜਿਲ੍ਹਾ ਬਦਲੀਆਂ ਡੀ.ਪੀ.ਆਈ. (ਐ.ਸਿੱ) ਪੰਜਾਬ ਵੱਲੋਂ ਕੀਤੀਆ ਜਾਣਗੀਆਂ।

19. ਐੱਸ.ਐੱਸ.ਏ./ਰਮਸਾ ਅਤੇ ਕੰਪਿਊਟਰ ਅਧਿਆਪਕਾ ਦੀਆ ਬਦਲੀਆਂ ਸਬੰਧਤ ਵਿਭਾਗ ਵੱਲੋਂ ਕੀਤੀਆ ਜਾਣੀਆ ਹਨ। ਇਸ ਲਈ ਇਨ੍ਹਾਂ ਦੀਆ ਬਦਲੀਆਂ ਦੇ ਪ੍ਰਫਾਰਮੇ ਦਫਤਰ ਡੀ.ਜੀ.ਐੱਸ.ਈ. ਨੂੰ ਭੇਜ ਦਿੱਤੇ ਜਾਣ।

20. ਸਕੂਲਾਂ ਵੱਲੋਂ ਜਿਲ੍ਹਾ ਸਿਖਿਆ ਦਫਤਰ ਵਿਖੇ ਦਿਤੀਆਂ ਬਦਲੀ ਦੀਆਂ ਦਰਖਾਸਤਾ ਦੀ ਰਸੀਦ ਸਮੇਤ ਰਸੀਦ ਨੰਬਰ ਦੇਣ ਲਈ ਜਿਲ੍ਹਾ ਸਿਖਿਆ ਅਧਿਕਾਰੀ ਪਾਬੰਦ ਹੋਣਗੇ। ਬਦਲੀ ਦੀ ਅਰਜੀ ਦੇਣ ਵਾਲੇ ਹਰੇਕ ਕਰਮਚਾਰੀ ਨੂੰ ਜਿਲ੍ਹਾ ਸਿੱਖਿਆ ਅਫਸਰ (ਅਸ) 0001ਅਸਜਿਲ੍ਹੇ ਦਾ ਨਾਮ (ਉਦਾਹਰਣ ਵਜੋ 0001ਅਸਬਠਿੰਡਾ) ਅਤੇ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) 0001ਸਸਜਿਲ੍ਹੇ ਦਾ ਨਾਮ (ਉਦਾਹਰਣ ਵਜੋ 0001ਸਸਬਠਿੰਡਾ) ਤੋ ਸੁਰੂ ਕਰਕੇ 9999 ਤੱਕ ਡਾਇਰੀ ਨੰਬਰ ਦੇਣਗੇ।ਜਿਲ੍ਹਾ ਸਿਖਿਆ ਦਫਤਰਾਂ ਵੱਲੋਂ ਸਾਰੀਆਂ ਅਰਜੀਆਂ ਦਾ ਡਾਟਾ ਐਕਸਲ ਫਾਈਲ ਵਿਚ ਹੈਡ ਆਫਿਸ ਵੱਲੋ ਦਿੱਤੇ ਪ੍ਰੋਫਾਰਮੇ ਵਿਚ ਸਿਰਫ Joy ਫੌਂਟ ਵਿਚ ਹੀ ਭੇਜਿਆ ਜਾਵੇਗਾ।

21. ਨਿਰਧਾਰਤ ਸ਼ਰਤਾਂ ਵਿੱਚ ਸਰਕਾਰ ਵੱਲੋਂ ਢਿੱਲ ਦਿੱਤੀ ਜਾ ਸਕਦੀ ਹੈ ਅਤੇ ਵਿਭਾਗ ਦੁਆਰਾ ਕਿਸੇ ਵੀ ਕਾਰਨ ਆਮ ਲੋਕ ਹਿੱਤ ਵਿੱਚ ਬਦਲੀ ਕੀਤੀ ਜਾ ਸਕਦੀ ਹੈ।

**(ਅੰਜਲੀ ਭਾਵੜਾ)**
**ਪ੍ਰਮੁੱਖ ਸਕੱਤਰ ਸਕੂਲ ਸਿੱਖਿਆ**
**ਪੰਜਾਬ**

**ਪਿੰ.ਅੰ.ਨੰ. ਸਟੈਨੋ/ਡੀ.ਡੀ.ਐਸ.ਏ/ਸਪੈਸ਼ਲ-1-8** **ਮਿਤੀ** 05.07.2013

ਉਪਰੋਕਤ ਦਾ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ ਜੀ।

1. ਨਿੱਜੀ ਸਕੱਤਰ/ਸਿੱਖਿਆ ਮੰਤਰੀ, ਪੰਜਾਬ।
2. ਨਿੱਜੀ ਸਕੱਤਰ/ਸੰਸਦੀ ਸਕੱਤਰ, ਸਿੱਖਿਆ, ਪੰਜਾਬ।
3. ਨਿੱਜੀ ਸਕੱਤਰ/ਪ੍ਰਮੁੱਖ ਸਕੱਤਰ, ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ। ।
4. ਨਿੱਜੀ ਸਕੱਤਰ/ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ, ਚੰਡੀਗੜ੍ਹ।
5. ਨਿੱਜੀ ਸਕੱਤਰ/ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿੱ), ਪੰਜਾਬ, ਚੰਡੀਗੜ੍ਹ।
6. ਨਿੱਜੀ ਸਕੱਤਰ/ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ, ਚੰਡੀਗੜ੍ਹ।
7. ਸਮੂਹ ਮੰਡਲ ਸਿੱਖਿਆ ਅਫਸਰ, ਪਟਿਆਲਾ, ਫਰੀਦਕੋਟ, ਜਲੰਧਰ।
8. ਸਮੂਹ ਜਿਲ੍ਹਾ ਸਿੱਖਿਆ ਅਫਸਰ (ਐ.ਸਿੱ/ਸੈ.ਸਿੱ), ਪੰਜਾਬ।

**ਡਿਪਟੀ ਡਾਇਰੈਕਟਰ (ਸ.ਪ੍ਰ)**
**ਪੰਜਾਬ**